

# danalogic Extend ਲਈ
# ਸਲਿਮ ਟਿਊਬਾਂ ਦੀ ਸਫਾਈ ਅਤੇ ਬਦਲੀ

**ਸਫਾਈ**


ਸਭ ਤੋਂ ਪਹਿਲਾਂ, ਤੁਸੀਂ ਸਲਿਮ ਟਿਊਬ ਅਤੇ ਡੋਮ ਨੂੰ ਗਿੱਲੇ ਕੱਪੜੇ ਨਾਲ ਪੂੰਝ ਸਕਦੇ ਹੋ। ਜੇਕਰ ਸਲਿਮ ਟਿਊਬ ਗੰਦਗੀ ਜਾਂ ਹੋਰ ਮਿਲਬੇ ਨਾਲ ਭਰ ਜਾਂਦੀ ਹੈ, ਤਾਂ ਪੂਰੀ ਟਿਊਬ ਨੂੰ ਧਿਆਨ ਨਾਲ ਸੁਣਨ ਯੰਤਰ ਵਿੱਚੋਂ ਖਿੱਚ ਕੇ ਇਸਨੂੰ ਸੁਣਨ ਯੰਤਰ ਵਿੱਚੋਂ ਦੀ ਬਾਹਰ ਕੱਢੋ।




1. ਉਸ ਤੋਂ ਬਾਅਦ, ਡੋਮ ਨੂੰ ਧਾਰੀਆਂ ਵਾਲੇ ਸਿਰੇ ਤੋਂ ਖਿੱਚ ਕੇ ਬਾਹਰ ਕੱਢੋ।




2. ਹੁਣ, ਸਫਾਈ ਵਾਲੀ ਤਾਰ ਨੂੰ ਸਲਿਮ ਟਿਊਬ ਦੇ ਉੱਪਰਲੇ ਹਿੱਸੇ ਵਿੱਚ ਪਾ ਕੇ ਧੱਕੋ ਜਿੱਥੇ ਇਹ ਸੁਣਨ ਯੰਤਰ ਨਾਲ ਜਾ ਕੇ ਜੁੜਦਾ ਹੈ। ਕਿਸੇ ਵੀ ਮਲਬੇ ਨੂੰ ਪੂਰੀ ਤਰ੍ਹਾਂ ਹਟਾਉਣ ਲਈ ਸਫਾਈ ਵਾਲੀ ਤਾਰ ਨੂੰ ਪੂਰੀ ਤਰ੍ਹਾਂ ਅੰਦਰ ਪਾਓ।



3. ਹੁਣ, ਡੋਮ ਨੂੰ ਸਲਿਮ ਟਿਊਬ 'ਤੇ ਵਾਪਸ ਲਗਾਓ।



4. ਡੋਮ ਦੇ ਹੇਠਲੇ ਹਿੱਸੇ ਨੂੰ ਧਿਆਨ ਨਾਲ ਚੁੱਕ ਕੇ ਚੈੱਕ ਕਰੋ ਕਿ ਡੋਮ ਚੰਗੀ ਤਰ੍ਹਾਂ ਫਿਟ ਹੋ ਗਿਆ ਹੈ, ਅਤੇ ਇਹ ਪੁਸ਼ਟੀ ਕਰੋ ਕਿ ਕਾਲਰ ਸਲਿਮ ਟਿਊਬ ਦੀਆਂ ਧਾਰੀਆਂ ਵਾਲੇ ਸਿਰੇ ਨੂੰ ਪੂਰੀ ਤਰ੍ਹਾਂ ਢੱਕਦਾ ਹੈ।



5. ਅੰਤ ਵਿੱਚ, ਸਲਿਮ ਟਿਊਬ ਨੂੰ ਸੁਣਨ ਯੰਤਰ 'ਤੇ ਵਾਪਸ ਧੱਕੋ ਜਦੋਂ ਤੱਕ ਇਹ ਆਪਣੀ ਜਗ੍ਹਾ 'ਤੇ ਚੰਗੀ ਤਰ੍ਹਾਂ ਫਿਟ ਨਹੀਂ ਹੋ ਜਾਂਦਾ।

**ਬਦਲਣਾ**

ਜੇਕਰ ਤੁਹਾਨੂੰ ਆਪਣੀ ਸਲਿਮ ਟਿਊਬ ਬਦਲਣ ਦੀ ਲੋੜ ਹੈ ਤਾਂ ਆਪਣੇ ਸੁਣਨ ਯੰਤਰ ਵਿੱਚੋਂ ਪੂਰੀ ਟਿਊਬ ਨੂੰ ਕੱਢ ਦਿਓ ਅਤੇ ਇੱਕ ਨਵੀਂ ਟਿਊਬ ਨਾਲ ਬਦਲੋ, ਇਹ ਯਕੀਨੀ ਬਣਾਉਂਦੇ ਹੋਏ ਕਿ ਇਹ ਚੰਗੀ ਤਰ੍ਹਾਂ ਆਪਣੀ ਜਗ੍ਹਾ 'ਤੇ ਫਿਟ ਹੋ ਜਾਂਦਾ ਹੈ। ਇਹ ਯਕੀਨੀ ਬਣਾਉਣ ਲਈ ਉੱਪਰ ਦਿੱਤੀਆਂ ਹਿਦਾਇਤਾਂ ਦੀ ਪਾਲਣਾ ਕਰੋ ਕਿ ਤੁਹਾਡੀ ਨਵੀਂ ਸਲਿਮ ਟਿਊਬ 'ਤੇ ਇੱਕ ਨਵਾਂ ਡੋਮ ਸਹੀ ਢੰਗ ਨਾਲ ਫਿੱਟ ਹੋ ਗਿਆ ਹੈ।

ਹੋਰ ਸਹਾਇਤਾ ਲਈ, QR ਕੋਡ ਨੂੰ ਸਕੈਨ ਕਰੋ ਜਾਂ ਸਾਡੇ ਮਰੀਜ਼ ਸਹਾਇਤਾ ਪੋਰਟਲ 'ਤੇ ਇੱਥੇ ਜਾਓ: **danalogic.co.uk/patient-portal**